# <u>ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ।</u>

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

## 3582 ਪੋਸਟਾਂ ਅਧੀਨ ਚੁਣੇ ਗਏ ਉਮੀਦਵਾਰਾਂ ਨੂੰ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦੇਣ ਲਈ ਸੱਦਾ

ਮਿਤੀ 25-06-2018

ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆਂ ਦੀਆਂ ਅਸਾਮੀਆਂ ਭਰਨ ਲਈ ਮਿਤੀ 10-09-2017 ਨੂੰ 3582 (ਮਾਸਟਰ ਕਾਡਰ) ਦਾ ਇਸ਼ਤਿਹਾਰ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਲਈ ਜਿਹਨਾਂ ਉਮੀਦਵਾਰਾਂ ਨੇ ਆਨ-ਲਾਈਨ ਅਪਲਾਈ ਕੀਤਾ ਸੀ, ਉਹਨਾ ਵਿਚੋ ਚਾਰ ਵਿਸ਼ੇ ਪੰਜਾਬੀ, ਸਮਾਜਿਕ ਸਿੱਖਿਆ, ਸਾਇੰਸ ਅਤੇ ਗਣਿਤ ਵਿੱਚ ਸਿਲੈਕਟ ਹੋਏ ਉਮੀਦਵਾਰਾਂ ਦੀ ਚੋਣ ਸੂਚੀ ਮਿਤੀ 26.06.2018 ਸ਼ਾਮ 5.00 ਵਜੇ ਤੱਕ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ। ਜਿਨ੍ਹਾਂ ਉਮੀਦਵਾਰਾਂ ਦਾ ਨਾਂ ਇਸ ਚੋਣ ਸੂਚੀ ਵਿੱਚ ਦਰਜ ਹੋਵੇਗਾ ਉਨ੍ਹਾਂ **ਉਮੀਦਵਾਰਾਂ ਨੂੰ ਮਿਤੀ 29.06.2018 ਨੂੰ ਸੰਵੇਰੇ 9.00 ਵਜੇ ਨਿਯੁਕਤੀ ਲਈ ਪੇਸ਼ਕਸ਼ ਪੱਤਰ ਲੈਣ ਲਈ ਗੁਰੂ ਨਾਨਕ ਸਟੇਡੀਅਮ, ਸਾਹਮਣੇ ਕੰਪਨੀ ਬਾਗ, ਅੰਮ੍ਰਿਤਸਰ ਵਿਖੇ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ।**

ਉਮੀਦਵਾਰ ਆਪਣੇ ਨਾਲ ਆਪਣੀ ਸ਼ਨਾਖਤੀ ਅਤੇ ਨਿਯੁਕਤੀ ਸਬੰਧੀ ਦਸਤਾਵੇਜ ਲੈ ਕੇ ਆਉਣਗੇ। ਸੰਬੰਧਤ ਉਮੀਦਵਾਰ ਪੇਸ਼ਕਸ਼ ਪੱਤਰ ਲੈਣ ਉਪਰੰਤ ਸੱਤ ਕੰਮ ਕਾਜੀ ਦਿਨਾਂ ਦੇ ਅੰਦਰ ਆਪਣਾ ਮੈਡੀਕਲ ਕਰਵਾਏਗਾ। ਅਗਲੇਰੀ ਸੂਚਨਾ ਸਮੇਂ ਸਮੇਂ ਵਿਭਾਗ ਦੀ ਵੈਬਸਾਈਟ ਤੇ ਅਪਡੇਟ ਕਰ ਦਿੱਤੀ ਜਾਵੇਗੀ। ਸਮੇਂ ਸਮੇਂ ਸਿਰ ਵਿਭਾਗ ਦੀ ਵੈਬ ਸਾਈਟ ਚੈਕ ਕਰਨ ਦੀ ਜਿੰਮੇਵਾਰੀ ਖੁੱਦ ਉਮੀਦਵਾਰ ਦੀ ਹੋਵੇਗੀ।

ਨਿਰਧਾਰਤ ਸਮੇਂ ਅਤੇ ਸਥਾਨ ਤੇ ਨਿਯੁਕਤੀ ਲਈ ਪੇਸ਼ਕਸ਼ ਪੱਤਰ ਨਾ ਪ੍ਰਾਪਤ ਕਰਨ ਦੀ ਸੂਰਤ ਵਿੱਚ ਇਸਦੇ ਨਿਕਲਣ ਵਾਲੇ ਪ੍ਰਭਾਵਾਂ ਦੀ ਜਿੰਮੇਵਾਰੀ ਸਬੰਧਤ ਉਮੀਦਵਾਰ ਦੀ ਹੋਵੇਗੀ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:)
ਪੰਜਾਬ, ਐਸ. ਏ. ਐਸ ਨਗਰ।